# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

ਮਾਸਟਰ ਪਰਮਵੇਦ

Epaper World Punjabi Times 19 ਮਈ 2025 ਦਿਨ ਸੋਮਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਤਰਕਸ਼ੀਲਾਂ ਕਪੜੇ ਕੱਟਣ ਵਾਲੀ ਓਪਰੀ ਸ਼ੈਅ ਦਾ ਸਫਾਇਆ ਕੀਤਾ-ਮਾਸਟਰ ਪਰਮ ਵੇਦ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 19 ਮਈ : ਮੇਰੇ ਕੋਲ ਫੋਨ ਆਇਆ, "ਤੁਸੀਂ ਤਰਕਸ਼ੀਲ ਸੁਸਾਇਟੀ ਵਾਲੇ ਬੋਲ ਰਹੇ ਹੋ।" ਮੈਂ ਕਿਹਾ, "ਹਾਂ ਜੀ! ਦੱਸੋ ਕੀ ਗੱਲ ਹੈ?"

ਉਸਨੇ ਕਿਹਾ, "ਅਸੀਂ ਤੁਹਾਨੂੰ ਮਿਲਣਾ ਚਾਹੁੰਦੇ ਹਾਂ। ਸਾਡੇ ਘਰੇ ਕੱਪੜੇ ਕੱਟੇ ਜਾਂਦੇ ਨੇ ਤੇ ਕਦੇ – ਕਦੇ ਚਿੱਠੀਆਂ ਵੀ ਆਉਂਦੀਆਂ ਨੇ। ਸਿਆਣਿਆਂ ਤੋਂ ਕੋਈ ਇਲਾਜ ਨਹੀਂ ਹੋ ਰਿਹਾ। ਕਿਸੇ ਨੇ ਤੁਹਾਡੀ ਦੱਸ ਪਾਈ ਹੈ। ਮੈਂ ਉਸਤੋਂ ਸਾਰੀ ਗੱਲ ਸੁਣਨ ਤੇ ਉਸਦੇ ਘਰ ਦਾ ਪਤਾ ਲੈਣ ਬਾਅਦ ਉਸਨੂੰ ਅਗਲੇ ਦਿਨ ਆਉਣ ਬਾਰੇ ਦੱਸਿਆ। ਅਗਲੇ ਦਿਨ ਮੈਂ ਤਰਸੇਮ ਕਾਨਗੜ੍ਹ ਤੇ ਗੁਰਦੀਪ ਸਿੰਘ ਸਬੰਧਿਤ ਘਰ ਪਹੁੰਚੇ। ਘਰ ਦੇ ਮੁਖੀ ਤੋਂ ਸਾਰੀ ਵਿਥਿਆ ਸੁਣੀ। ਉਸਨੇ ਦੱਸਿਆ, "ਅਸੀਂ ਬਹੁਤ ਦੁਖੀ ਹਾਂ। ਸਾਡੇ ਵਸਦੇ ਰਸਦੇ ਪਰਿਵਾਰ ਦਾ ਆਹ ਕੀ ਹਾਲ ਹੋ ਗਿਆ। ਅਸੀਂ ਚਾਰ ਭਰਾ ਹਾਂ| ਚਾਰਾਂ ਕੋਲ ਤਿੰਨ ਲੜਕੇ ਤੇ ਪੰਜ ਕੁੜੀਆਂ ਨੇ। ਦੋ ਲੜਕੇ ਵਿਆਹੇ ਹੋਏ ਨੇ। ਦੋ ਕੁੜੀਆਂ ਵੀ ਵਿਆਹੀਆਂ ਜਾ ਚੁੱਕੀਆਂ ਨੇ। ਵਧੀਆ ਜ਼ਮੀਨ ਹੈ, ਵਧੀਆ ਮਕਾਨ ਹੈ। ਪਤਾ ਨਹੀਂ ਕੀ ਭਾਣਾ ਵਰਤ ਗਿਆ। ਪਤਾ ਨਹੀਂ ਸਾਡੇ ਘਰ ਉੱਤੇ ਕਿਸੇ ਨੇ ਕੀ ਕਰਾ 'ਤਾ। ਅਸੀਂ ਲੱਖਾਂ ਰੁਪਏ ਸਿਆਣਿਆਂ ਕੋਲ ਲੁਟਾ ਚੁੱਕੇ ਹਾਂ। ਪਰ ਕਿਸੇ ਤੋਂ ਕੋਈ ਇਲਾਜ ਨਹੀਂ ਹੋਇਆ। ਕੋਈ ਢਾਲੇ ਦੇ ਨਾਂ ' ਤੇ 20 ਹਜ਼ਾਰ, ਕੋਈ ਕੜਾਹੀ ਦੇ ਨਾਂ ' ਤੇ 30 ਹਜ਼ਾਰ, ਕਿਸੇ ਨੇ ਸੁੱਖਣਾ ਦੇ ਨਾਂ 'ਤੇ 10 ਹਜ਼ਾਰ ਰੁਪਏ ਲੈ ਲਏ। ਪਰ ਪਰਨਾਲਾ ਉੱਥੇ ਦਾ ਉੱਥੇ ਹੈ। ਆਪਣੇ ਆਪ ਕੱਪੜੇ ਕੱਟੇ ਜਾਂਦੇ ਨੇ। ਊਟ ਪਟਾਂਗ ਲਿਖੀਆਂ ਚਿੱਠੀਆਂ ਆਉਂਦੀਆਂ ਹਨ।"

ਅਸੀਂ ਉਨ੍ਹਾਂ ਨੂੰ ਅੱਗੇ ਤੋਂ ਘਟਨਾ ਨਾ ਹੋਣ ਬਾਰੇ ਤੇ ਸਾਡੀਆਂ ਸਾਰੀਆਂ ਗੱਲਾਂ ਮੰਨਣ ਲਈ ਕਿਹਾ। ਉਨ੍ਹਾਂ ਵੱਲੋਂ ਹਾਂ ਵਿੱਚ ਹਾਂ ਮਿਲਾਉਣ ਮਗਰੋਂ ਅਸੀਂ ਮਨੋ ਵਿਗਿਆਨਕ ਤੇ ਵਿਗਿਆਨਕ ਨਜ਼ਰੀਏ ਨਾਲ ਘਟਨਾਵਾਂ ਦੀ ਪੜਤਾਲ ਕਰਨੀ ਸ਼ੁਰੂ ਕੀਤੀ। ਅਸੀਂ ਤਿੰਨੇ ਤਰਕਸ਼ੀਲ ਮੈਂਬਰ ਇੱਕ ਕਮਰੇ ਵਿੱਚ ਬੈਠ ਗਏ ਤੇ ਪਰਿਵਾਰ ਦੇ ਇਕੱਲੇ – ਇਕੱਲੇ ਮੈਂਬਰ ਨੂੰ ਬੁਲਾ ਕੇ ਘਟਨਾਵਾਂ ਹੋਣ ' ਤੇ ਕਿਸੇ ਦੂਸਰੇ ਮੈਂਬਰ ਨਾਲ ਕੋਈ ਪੁੱਛੀ ਗੱਲ ਨਾ ਦੱਸਣ ਬਾਰੇ ਕਿਹਾ। ਅਸੀਂ ਪਰਿਵਾਰਕ ਮੈਂਬਰਾਂ ਨੂੰ ਕਹਿੰਦੇ ਕਿ ਸੱਚੀ ਗੱਲ ਦੱਸਣੀ ਹੈ। ਫਿਰ ਹੀ ਅਸੀਂ ਤੁਹਾਨੂੰ ਮੁਸੀਬਤ ਤੋਂ ਮੁਕਤ ਕਰ ਸਕਦੇ ਹਾਂ। ਸਾਡੇ ਰਾਹੀਂ ਤੁਹਾਡੀ ਦੱਸੀ ਗੱਲ, ਕਦੇ ਵੀ ਕਿਸੇ ਨੂੰ ਨਹੀਂ ਦੱਸੀ ਜਾਵੇਗੀ। ਸਾਡੀ ਪੜਤਾਲ ਸ਼ੁਰੂ ਹੋਈ। ਅਸੀਂ ਗੁਰਦੀਪ ਸਿੰਘ ਦੀ ਕੁਰਸੀ ਕਮਰੇ ਦੇ ਗੇਟ ਕੋਲ ਲਾ ਦਿੱਤੀ ਤਾਂ ਕਿ ਸਾਡੇ ਰਾਹੀਂ ਪਰਿਵਾਰਕ ਮੈਂਬਰਾਂ ਤੋਂ ਪੁੱਛੀ ਜਾਂਦੀ ਜਾਂ ਉਸ ਦੁਆਰਾ ਦੱਸੀ ਗੱਲ ਦੂਸਰੇ ਪਰਿਵਾਰਕ ਮੈਂਬਰਾਂ ਨੂੰ ਪਤਾ ਨਾ ਲੱਗੇ, ਤਾਂ ਕਿ ਦੱਸਣ ਵਾਲਾ ਮੈਂਬਰ ਖੁੱਲ੍ਹ ਕੇ ਗੱਲ ਕਰ ਸਕੇ। ਸਾਡੀ ਕੀਤੀ ਪੜਤਾਲ 'ਚੋਂ ਇਹ ਗੱਲ ਨਿਕਲ ਕੇ ਆਈ ਕਿ ਛੋਟੇ ਲੜਕੇ ਦੇ ਵਿਆਹ ਤੋਂ ਪਹਿਲਾਂ ਹੀ ਘਟਨਾ ਹੁੰਦੀਆਂ ਸਨ। ਇਸ ਲਈ ਛੋਟੀ ਵਹੁਟੀ ਸਾਡੇ ਸ਼ੱਕ ਤੋਂ ਬਾਹਰ ਹੋ ਗਈ। ਇੱਕ ਕੁੜੀ ਕਾਲਜ ਵਿੱਚ ਪੜ੍ਹਦੀ ਸੀ, ਉਸ ਤੋਂ ਬਾਅਦ ਵੀ ਘਟਨਾਵਾਂ ਹੁੰਦੀਆਂ ਸਨ। ਇੱਕ ਵਾਰੀ ਉਹ ਆਪਣੇ ਨਾਨਕੇ ਚਲੀ ਗਈ। ਉਸ ਤੋਂ ਬਾਅਦ ਵੀ ਘਟਨਾਵਾਂ ਹੋਈਆਂ। ਇਸ ਲਈ ਉਹ ਵੀ ਸ਼ਕ ਤੋਂ ਬਾਹਰ ਹੋ ਗਈ। ਇੱਕ ਕੁੜੀ ਛੋਟੀ ਸੀ, ਮਸਾਂ ਪੰਜ ਕੁ ਸਾਲ ਦੀ, ਉਹ ਵੀ ਸਾਡੇ ਸ਼ੱਕ ਤੋਂ ਬਾਹਰ ਹੋ ਗਈ। ਇੱਕ ਲੜਕਾ ਬਾਹਰ ਪੜ੍ਹਦਾ ਸੀ। ਇਕ ਲੜਕਾ, ਇੱਕ ਲੜਕੀ ਤੇ ਇੱਕ ਬਹੂ ਸਾਡੇ ਸ਼ੱਕ ਦੇ ਘੇਰੇ ਵਿੱਚ ਰਹਿ ਗਏ। ਬਾਕੀ ਸਾਰਿਆਂ ਦੀ ਗੈਰਹਾਜ਼ਰੀ ਸਿੱਧ ਹੋ ਚੁੱਕੀ ਸੀ।

ਸਾਡੀ ਅੱਗੇ ਹੋਰ ਪੜਤਾਲ ਤੋਂ ਬਾਅਦ ਵੱਡੀ ਵਹੁਟੀ ਵੀ ਸ਼ੱਕ 'ਚੋਂ ਨਿਕਲ ਗਈ। ਹੁਣ ਸ਼ੱਕ ਦੇ ਘੇਰੇ ਵਿੱਚ ਬਚੇ ਲੜਕਾ ਤੇ ਲੜਕੀ ਦੀ ਸ਼ਨਾਖ਼ਤ ਬਾਕੀ ਸੀ। ਅਸੀਂ ਚਿੱਠੀਆਂ ਕਬਜ਼ੇ ਵਿੱਚ ਕੀਤੀਆਂ ਹੋਈਆਂ ਸੀ। ਚਿੱਠੀਆਂ ਵਿਚ ਮੋਟਰ ਸਾਈਕਲ ਦੀ ਮੰਗ ਅਤੇ ਵਹੁਟੀਆਂ ਤੇ ਕਮੈਂਟਸ ਸਨ। ਲਿਖਾਈ ਤੋਂ ਲੜਕੇ ਦੀ ਸ਼ਨਾਖਤ ਹੋ ਗਈ।

ਅਸੀਂ ਉਸਨੂੰ ਇਕੱਲੇ ਨੂੰ ਜਦ ਬੁਲਾਇਆ ਤਾਂ ਉਹ ਘਬਰਾਈ ਹੋਈ ਹਾਲਤ ਵਿਚ ਸਾਡੇ ਕੋਲ ਨੀਵੀਂ ਪਾ ਕੇ ਬੈਠ ਗਿਆ। ਅਸੀਂ ਉਸਨੂੰ ਕਿਹਾ, ਜੇ ਤੂੰ ਸੱਚੀ – ਸੱਚੀ ਗੱਲ ਦੱਸੇਂਗਾ ਤਾਂ ਸਾਡੀ ਹਮਦਰਦੀ ਤੇਰੇ ਨਾਲ ਹੋਵੇਗੀ। ਸਾਰੀਆਂ ਘਟਨਾਵਾਂ ਕਰਨ ਵਾਲੇ ਵਿਅਕਤੀ ਤੇ ਚਿੱਠੀਆਂ ਲਿਖਣ ਵਾਲੇ ਦਾ ਪਤਾ ਲੱਗ ਗਿਆ ਹੈ। ਸਾਨੂੰ ਪਤੈ ਭੂਤ – ਪ੍ਰੇਤ, ਜਿੰਨ-ਚੁੜੇਲ, ਓਪਰੀ ਸ਼ੈਅ ਨਾ ਦੀ ਕੋਈ ਚੀਜ਼ ਨਹੀਂ ਹੁੰਦੀ। ਇਨ੍ਹਾਂ ਦੇ ਨਾਂ 'ਤੇ ਡਰਾਇਆ ਜਾਂਦਾ ਹੈ। ਸੋ, ਤੂੰ ਦੱਸ ਇਹ ਘਟਨਾਵਾਂ ਕਿਉਂ ਕਰਦਾਂ ਹੈ ? " ਪਹਿਲਾਂ ਤਾਂ ਉਹ ਮੰਨਿਆਂ ਨਹੀਂ ਪਰ ਜਦੋਂ ਅਸੀਂ ਉਸਨੂੰ ਘਟਨਾਵਾਂ ਦੇ ਸਬੂਤ ਦਿੱਤੇ ਤੇ ਕਿਹਾ ਕਿ ਕੋਈ ਵੀ ਵਿਅਕਤੀ ਤਰਕਸ਼ੀਲਾਂ ਦੀ ਪਰਖ ਤੋਂ ਬਚ ਨਹੀਂ ਸਕਦਾ। ਸਾਡੀ ਕਿਹੜਾ ਤੇਰੇ ਨਾਲ ਦੁਸ਼ਮਣੀ ਤੇ ਦੂਜਿਆਂ ਨਾਲ ਮਿੱਤਰਤਾ ਹੈ। 'ਸਿਆਣੇ' ਤੁਹਾਨੂੰ ਲੁੱਟੀ ਜਾ ਰਹੇ ਹਨ , ਵਹਿਮਾਂ ਵਿੱਚ ਪਾਈ ਜਾ ਰਹੇ ਹਨ।

ਉਸਨੇ ਕਿਹਾ, "ਮੈਨੂੰ ਬੜਾ ਆਨੰਦ ਆਉਂਦੇ। ਜਦ ਸਿਆਣੇ ਇਨ੍ਹਾਂ ਨੂੰ ਲੁੱਟਦੇ ਨੇ।"

ਸਾਡੀ ਮੰਗ ਪੂਰੀ ਕਰਨ ਵੇਲੇ ਤਾਂ ਇਨ੍ਹਾਂ ਕੋਲ ਪੈਸੇ ਨਹੀਂ ਹੁੰਦੇ ਤੇ ਸਿਆਣਿਆਂ ਨੂੰ ਦੇਣ ਲਈ ਤੇ ਜ਼ਮੀਨਾਂ ਖਰੀਦਣ ਲਈ ਕਿੱਥੋਂ ਆ ਜਾਂਦੇ ਨੇ।

ਸਾਨੂੰ ਇਸ ਤੋਂ ਸਾਰੀ ਗੱਲ ਸਮਝ ਆ ਗਈ। ਮੈਂ ਕਿਹਾ "ਚਲੋ ਤੇਰੀ ਗੱਲ ਸਾਡੇ ਕੋਲ ਆ ਗਈ। ਹੁਣ ਤੂੰ ਘਟਨਾਵਾਂ ਦੀ ਗੱਲ ਮੰਨ ਤੇ ਅੱਗੇ ਤੋਂ ਅਜਿਹਾ ਨਾ ਕਰਨ ਦਾ ਵਿਸ਼ਵਾਸ ਦੇ।"

ਉਸਨੇ ਕਿਹਾ, "ਅੱਗੇ ਤੋਂ ਤਾਂ ਮੈਂ ਨਹੀਂ ਕਰਦਾ ਪਰ ਇੱਕ ਤਾਂ ਮੇਰੀ ਭੈਣ ਦੇ ਵਿਆਹ ਲਈ ਕਹੋ ਤੇ ਦੂਜਾ ਮੋਟਰ ਸਾਈਕਲ ਲਈ।ਮੋਟਰਸਾਈਕਲ ਮੇਰੇ ਤੋਂ ਬਿਨਾਂ ਸਾਰਿਆਂ ਕੋਲ ਹੈ। ਮੈਂ ਕਾਲਜ ਪੜ੍ਹਨ ਜਾਨਾਂ, ਮੈਨੂੰ ਲੈ ਕੇ ਨਹੀਂ ਦਿੰਦੇ। " ਉਸਨੇ ਘਟਨਾਵਾਂ ਕਰਨ ਬਾਰੇ ਉਸਦਾ ਨਾਮ ਨਾ ਲੈਣ ਲਈ ਤਰਲੇ ਕੀਤੇ।

ਅਸੀਂ ਕਿਹਾ, "ਤੇਰੀਆਂ ਮੰਗਾਂ ਪੂਰੀਆਂ ਹੋ ਜਾਣਗੀਆਂ। ਬਥੇਰੀ ਜ਼ਮੀਨ ਜਾਇਦਾਦ ਹੈ। ਕਿਸੇ ਵੀ ਸਮੇਂ ਕਿਸੇ ਵੀ ਨਾਲ ਤੇਰਾ ਨਾਮ ਨਹੀਂ ਲਿਆ ਜਾਵੇਗਾ, ਇਸ ਬਾਰੇ ਚਿੰਤਾ ਨਹੀਂ ਕਰਨੀ।" ਫਿਰ ਅਸੀਂ ਘਰ ਦੇ ਮੁਖੀ ਨੂੰ ਬੁਲਾ ਕੇ ਘਰ ਦੀਆਂ ਜ਼ਰੂਰਤਾਂ ਬਾਰੇ ਵਿਸਥਾਰ ਵਿੱਚ ਸਮਝਾਇਆ। ਜਦ ਜ਼ਰੂਰਤਾਂ ਪੂਰੀਆਂ ਹੋ ਜਾਣਗੀਆਂ ਤਾਂ ਘਟਨਾ ਕਰਨ ਵਾਲੇ ਭੂਤ – ਪ੍ਰੇਤ ਵੀ ਭੱਜ ਜਾਣਗੇ।ਮੁਖੀ ਕਾਫੀ ਸਮਝਦਾਰ ਸੀ।

ਉਸਨੇ ਸਾਡੇ ਨਾਲ ਸਹਿਮਤੀ ਪ੍ਰਗਟਾਈ। ਫਿਰ ਅਸੀਂ ਸਾਰੇ ਮੈਂਬਰਾਂ ਨੂੰ ਇਕੱਠੇ ਕੀਤਾ ਤੇ ਸਮਝਾਇਆ, "ਭੂਤ – ਪ੍ਰੇਤ ਉਨ੍ਹਾਂ ਘਰਾਂ ਵਿੱਚ ਆਉਂਦੇ ਨੇ, ਜਿੱਥੇ ਪਰਿਵਾਰਕ ਮੈਂਬਰਾਂ ਨਾਲ ਪੱਖਪਾਤ ਕੀਤਾ ਜਾਂਦਾ ਹੈ,ਕਿਸੇ ਦੀ ਹੋਂਦ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਜਦ ਪਰਿਵਾਰਕ ਮੈਂਬਰਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਨੇ ਤਾਂ ਉੱਥੇ ਜਿੰਨ\ ਪ੍ਰੇਤ ਨਹੀਂ ਆਉਂਦੇ। ਜਦ ਮੁੰਡਾ ਜਾਂ ਕੁੜੀ ਵਿਆਹੁਣ ਯੋਗ ਹੋਵੇ ਤਾਂ ਸਾਨੂੰ ਫ਼ਿਕਰਮੰਦ ਹੋਣਾ ਚਾਹੀਦਾ ਹੈ ਤੇ ਸਮੇਂ ਸਿਰ ਉਸਦਾ ਵਿਆਹ ਕਰ ਦੇਣਾ ਚਾਹੀਦੈ। ਹੋਰ ਜ਼ਮੀਨ ਖ਼ਰੀਦਣ ਤੋਂ ਪਹਿਲਾਂ ਪਰਿਵਾਰਕ ਮੈਂਬਰਾਂ ਦੀਆਂ ਮੰਗਾਂ ਵੱਲ ਵੀ ਧਿਆਨ ਦੇਣਾ ਚਾਹੀਦੈ। ਇਹ ਨਾ ਸਮਝ ਆਉਣ ਵਾਲੀਆਂ ਘਟਨਾਵਾਂ ਦੀ ਸ਼ੁਰੂਆਤ ਵੀ ਉਦੋਂ ਹੀ ਹੁੰਦੀ ਹੈ ਜਦ ਕਿਸੇ ਦੀਆਂ ਜ਼ਰੂਰਤਾਂ ਅਣਗੌਲੀਆਂ ਕੀਤੀਆਂ ਜਾਂਦੀਆਂ ਨੇ। ਜੋ ਲੋੜਾਂ ਨੇ, ਉਹ ਪੂਰੀਆਂ ਕਰਨ ਵੱਲ ਧਿਆਨ ਦੇਵੋ। ਸਭ ਠੀਕ ਹੋ ਜਾਵੇਗਾ। ਕਿਸੇ ਅਖੌਤੀ ਸਿਆਣੇ ਕੋਲ ਇਨ੍ਹਾਂ ਦਾ ਕੋਈ ਇਲਾਜ ਨਹੀਂ। ਇਹ ਓਪਰੀ ਸ਼ੈਆਂ ਅਸਲ ਵਿੱਚ ਅਧੂਰੀਆਂ ਖੁਹਾਇਸ਼ਾਂ, ਮੰਗਾਂ, ਲੋੜਾਂ ਵਿੱਚੋਂ ਉਪਜਦੀਆਂ ਨੇ । ਸਾਡੀਆਂ ਘਰ ਦੇ ਮੁਖੀ ਨਾਲ ਗੱਲਾਂ ਹੋ ਗਈਆਂ ਨੇ। ਅੱਗੇ ਤੋਂ ਕੋਈ ਅਜਿਹੀ ਰਹੱਸਮਈ ਘਟਨਾ ਨਹੀਂ ਵਾਪਰੇਗੀ। ਅਗਿਆਤ ਚਿੱਠੀਆਂ ਨਹੀਂ ਆਉਣਗੀਆਂ, ਨਾ ਹੀ ਕਪੜੇ ਕੱਟੇ ਜਾਣਗੇ ਤੇ ਨਾ ਹੀ ਚੀਜਾਂ ਗੁੰਮ ਹੋਣਗੀਆਂ। ਬੇਫਿਕਰ ਰਹੋ, ਡਰੋ ਨਾ। ਆਪਸੀ ਪ੍ਰੇਮ ਪਿਆਰ ਬਣਾ ਕੇ ਰੱਖੋ।ਤੁਹਾਡੇ ਵਲੋਂ ਸਮਝੀ ਜਾਂਦੀ ਓਪਰੀ ਸ਼ੈਅ ਦਾ ਸਫਾਇਆ ਕਰ ਦਿੱਤਾ ਹੈ।ਅਸੀਂ ਘਟਨਾ ਕਰਨ ਵਾਲੇ ਲੜਕੇ ਵੱਲ ਵੀ ਦੇਖ ਰਹੇ ਸੀ, ਉਸਦਾ ਮੁਰਝਾਇਆ ਚਿਹਰਾ ਖਿੜਦਾ ਜਾ ਰਿਹਾ ਸੀ।

## ਯੂਥ ਕਲੱਬ ਲੀਡਰਸ਼ਿਪ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ

### ਪੰਜਾਬ ਨੂੰ ਮੁੜ ਤੋਂ ਪੰਜਾਬ ਬਣਾਉਣ ਲਈ ਯੂਥ ਕਲੱਬ ਨਿਭਾਉਣਗੇ ਅਹਿਮ ਭੂਮਿਕਾ : ਸੁਖਜਿੰਦਰ ਕਾਉਣੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 19 ਮਈ : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਡਿਪਟੀ ਕਮਿਸ਼ਨਰ ਫਰੀਦਕੋਟ ਮੈਡਮ ਪੂਨਮਦੀਪ ਕੌਰ ਦੀ ਰਹਿਨੁਮਾਈ ਹੇਠ ਅਰੁਣ ਕੁਮਾਰ ਅਸਿਸਟੈਂਟ ਡਾਇਰੈਕਟਰ ਯੂਥ ਸਰਵਿਸਿਜ਼ ਵਲੋਂ ਅੱਜ ਯੂਥ ਕਲੱਬ ਲੀਡਰਸ਼ਿਪ ਟ੍ਰੇਨਿੰਗ ਪ੍ਰੋਗਰਾਮ ਦਾ ਆਯੋਜਨ ਅਸ਼ੋਕ ਚੱਕਰ ਹਾਲ ਵਿਖੇ ਕੀਤਾ ਗਿਆ। ਚੇਅਰਮੈਨ ਪਲਾਨਿੰਗ ਬੋਰਡ ਸ਼੍ਰੀ ਮੁਕਤਸਰ ਸਾਹਿਬ ਸੁਖਜਿੰਦਰ ਸਿੰਘ ਕਾਉਣੀ ਨੇ ਇਸ ਮੌਕੇ ਕਿਹਾ ਕਿ ਯੂਥ ਕਲੱਬਾਂ ਸਮਾਜਿਕ ਕੁਰੀਤੀਆਂ ਅਤੇ ਨਸ਼ਿਆਂ ਦੇ ਖਤਾਮੇ ਲਈ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਅੱਜ ਦੀ ਟ੍ਰੇਨਿੰਗ ਨਾਲ ਨੌਜਵਾਨ ਪੀੜ੍ਹੀ ਆਪਣੀ ਜਿੰਮੇਵਾਰੀ ਨਿਭਾਉਂਦਿਆਂ ਲੋਕਾਂ ਨੂੰ ਨਸ਼ੇ ਦਾ ਜੜੋਂ ਖਾਤਮਾ ਕਰਨ ਸਬੰਧੀ ਪਿੰਡ ਪੱਧਰ 'ਤੇ ਵੀ ਜਾਗਰੂਕਤਾ ਫੈਲਾਏਗੀ। ਟ੍ਰੇਨਿੰਗ ਸੈਸ਼ਨ ਦੌਰਾਨ ਵੀਡੀਓ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਅਤੇ ਖੇਡਾਂ ਵੱਲ ਉਤਸਾਹਿਤ ਕਰਨ ਦਾ ਸੁਨੇਹਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਹਨਾਂ ਕਲੱਬਾਂ ਦਾ ਮੁੱਖ ਕੰਮ ਇਹ ਹੈ ਕਿ ਪਿੰਡਾਂ ਦੇ ਵਿੱਚ ਅਜਿਹੀ ਸੁਵਿਧਾ ਬਣਾਈ ਜਾ ਸਕੇ ਕਿ ਪਿੰਡ ਵਾਸੀਆਂ ਨੂੰ ਆਸਾਨੀ ਨਾਲ ਰੁਜ਼ਗਾਰ ਮੁਹਈਆ ਕਰਵਾਇਆ ਜਾ ਸਕੇ। ਇਸ ਤੋਂ ਇਲਾਵਾ ਕਲੱਬਾਂ ਦਾ ਕੰਮ ਖੇਡਾਂ ਨੂੰ ਉਤਸ਼ਾਹਿਤ ਕਰਨਾ ਵੀ ਹੈ। ਉਨ੍ਹਾਂ ਕਿਹਾ ਕਿ ਸਾਡੇ ਪੰਜਾਬ ਉੱਤੇ ਨਸ਼ੇ ਦਾ ਇੱਕ ਧੱਬਾ ਲੱਗਿਆ ਹੋਇਆ ਹੈ, ਉਸ ਦਾਗ ਨੂੰ ਸਾਫ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਪੰਜਾਬ ਸਰਕਾਰ



ਵੱਲੋਂ ਪੁਨਰਵਾਸ ਕੇਂਦਰ ਅਤੇ ਨਸ਼ਾ ਛੁਡਾਊ ਕੇਂਦਰ ਕਾਰਜਸ਼ੀਲ ਕੀਤੇ ਗਏ ਹਨ ਜਿਸ ਦਾ ਮੁੱਖ ਉਦੇਸ਼ ਉਨ੍ਹਾਂ ਨੂੰ ਮੁੜ ਤੋਂ ਆਮ ਵਰਗੀ ਜ਼ਿੰਦਗੀ ਜਿਉਣ ਦੇ ਕਾਬਲ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਕੰਮ ਕਰੋਗੇ ਤਾਂ ਪਿੰਡ ਦੇ ਲੋਕ ਵੀ ਤੁਹਾਡਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚੋਂ ਨਸ਼ਾ ਕੱਢਣ ਲਈ ਯੂਥ ਕਲੱਬ ਬਣਾਉਣੇ ਬਹੁਤ ਜਰੂਰੀ ਹਨ। ਉਨ੍ਹਾਂ ਕਿਹਾ ਕਿ ਇਹਨਾਂ ਕਲੱਬਾਂ ਵਿੱਚ ਸਮਾਜ ਦੀ ਬੇਹਤਰੀ ਲਈ ਔਰਤਾਂ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ। ਇਸ ਵਿੱਚ ਘੱਟ ਤੋਂ ਘੱਟ 21 ਮੈਂਬਰ ਅਤੇ ਵੱਧ ਤੋਂ ਵੱਧ ਜਰੂਰਤ ਅਨੁਸਾਰ ਮੈਂਬਰ ਸ਼ਾਮਿਲ ਕੀਤੇ ਜਾਣਗੇ ਅਤੇ ਹਰ ਇੱਕ ਪਿੰਡ ਤੋਂ ਇੱਕ ਲੀਡਰ ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜਦੋਂ ਪਿੰਡ ਪੱਧਰ ਤੇ ਇੱਕ ਕਲੱਬ ਬਣਾ ਲਿਆ ਗਿਆ ਤਾਂ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕਲੱਬਾਂ ਨੂੰ ਸਿੱਧੇ ਤੌਰ 'ਤੇ ਫੰਡ ਮੁਹਈਆ ਕਰਵਾਏ ਜਾਣਗੇ। ਕਲੱਬ ਬਣਨ ਤੋਂ ਬਾਅਦ ਕੀ-ਕੀ ਕੰਮ ਕੀਤੇ ਜਾਣੇ ਹਨ ਇਸ ਸਬੰਧੀ ਵਿਸਥਾਰ ਸਹਿਤ ਜਾਣਕਾਰੀ ਮੁਹਈਆ ਕਰਵਾਈ ਗਈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਸਲਾਈ ਦੇ ਕੰਮ ਲਈ ਸੈਂਟਰ ਬਣਾ ਕੇ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਰੰਗਲੇ ਪੰਜਾਬ ਦੀ ਸਿਰਜਣਾ ਦੀ ਡੋਰ ਨੌਜਵਾਨਾਂ ਦੇ ਮੋਢਿਆਂ ਤੇ ਹੈ ਤੇ ਨੌਜਵਾਨਾਂ ਨੂੰ ਸੂਬੇ ਦੀ ਭਲਾਈ ਪ੍ਰਤੀ ਆਪਣਾ ਰੋਲ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਥ ਕਲਬ ਲੋਕਾਂ ਨੂੰ ਨਵੀ ਸੇਧ ਦੇਣਗੇ। ਇਸ ਮੌਕੇ ਸੈਲਫ ਹੈਲਪ ਗਰੁੱਪ ਵੱਲੋਂ ਆਏ ਮੈਡਮ ਸੋਨੀਆ ਵੱਲੋਂ ਰੁਜ਼ਗਾਰ ਸਬੰਧੀ ਜਾਣਕਾਰੀ ਮੁਹਈਆ ਕਰਵਾਈ ਗਈ ਅਤੇ ਖੇਡ ਵਤਨ ਪੰਜਾਬ ਵੱਲੋਂ ਆਏ ਨਵਦੀਪ ਕੌਰ ਰੋਲ ਮਾਡਲ ਅਤੇ ਸੰਜੀਵ ਕਟਾਰੀਆ ਲੈਕਚਰਾਰ ਵੱਲੋਂ ਯੂਥ ਫੈਸਟੀਵਲ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਬਟਰੇਨਰ ਖੁਸ਼ਵੀਰ ਸਿੰਘ, ਕੋਆਰਡੀਨੇਟਰ ਜਗਮੋਹਨ ਸਿੰਘ ਹਲਕਾ ਫ਼ਰੀਦਕੋਟ, ਗੁਰਜਿੰਦਰ ਸਿੰਘ ਹਲਕਾ ਕੋਟਕਪੂਰਾ, ਰੁਪਿੰਦਰ ਸਿੰਘ ਹਲਕਾ ਜੈਤੋ, ਕੁਲਵਿੰਦਰ ਸਿੰਘ ਹਲਕਾ ਰਾਮਪੁਰਾਫੂਲ, ਯੂਥ ਕਲੱਬ ਪ੍ਰਧਾਨ ਮਨਪ੍ਰੀਤ ਸਿੰਘ, ਅਮਨਦੀਪ ਕੌਰ ਸਟੈਨੋ, ਸਿਮਰਨਜੀਤ ਸਿੰਘ ਸਿਮਰਾ ਐਮ.ਸੀ. ਕੋਟਕਪੂਰਾ ਅਤੇ ਯੂਥ ਕਲੱਬਾਂ ਦੇ ਮੈਂਬਰ ਹਾਜ਼ਰ ਸਨ।

## ਮੰਗਾਂ ਬਾਰੇ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਵਿਸ਼ੇਸ਼ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼



ਨਾਭਾ 19 ਮਈ (ਵਰਲਡ ਪੰਜਾਬੀ ਟਾਈਮਜ਼) ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸ਼ੀਏਸ਼ਨ ਨਾਭਾ ਦੀ ਇੱਕ ਹੰਗਾਮੀ ਮੀਟਿੰਗ ਪ੍ਰਧਾਨ ਸ੍ਰ. ਪਰਮਜੀਤ ਸਿੰਘ ਸੋਢੀ ਦੀ ਅਗਵਾਈ ਵਿੱਚ ਸੀਨੀਅਰ ਸਿਟੀਜਨ ਦੀ ਲਾਇਬ੍ਰੇਰੀ ਵਿਖੇ ਹੋਈ । ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਸਮੱਸਿਆਵਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ ।ਪੈਨਸ਼ਨਰਾਂ ਦੇ ਬਕਾਏ ਅਤੇ ਲੀਵ ਇਨਕੈਸ਼ਮੈਂਟ ਦੇ ਬਕਾਏ ਸਮੇਂ ਸਿਰ ਨਾ ਦੇਣ ਤੇ ਪੰਜਾਬ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਦੀ ਨਿਖੇਧੀ ਕੀਤੀ ਗਈ । ਮੀਟਿੰਗ ਵਿੱਚ 01 ਜਨਵਰੀ 2016 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰਜ਼ ਨੂੰ 2.59 ਦਾ ਗੁਣਾਂਕ ਦੇਣ ਦੀ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਗਈ ।ਪੈਨਸ਼ਨਰਾਂ ਦੇ ਮੈਡੀਕਲ ਬਿਲਾਂ ਨੂੰ ਪਹਿਲ ਦੇ ਆਧਾਰ ਉੱਪਰ ਬਜ਼ਟ ਅਲਾਟ ਕੀਤੇ ਜਾਣ ਦੀ ਵੀ ਮੰਗ ਕੀਤੀ ਗਈ ।ਸ੍ਰ. ਪਰਮਜੀਤ ਸਿੰਘ ਸੋਢੀ (ਪ੍ਰਧਾਨ) ਨੇ ਐਸੋਸ਼ੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਇਸ ਮੌਕੇ ਪ੍ਰਿੰਸੀਪਲ ਰਵਿੰਦਰ ਕੁਮਾਰ ਨੇ ਐਸੋਸ਼ੀਏਸ਼ਨ ਨਾਲ ਵੱਧ ਤੋਂ ਵੱਧ ਪੈਨਸ਼ਨਰਾਂ ਨੂੰ ਜੁੜਨ ਦੀ ਅਪੀਲ ਕੀਤੀ ।ਉਨ੍ਹਾਂ ਨੇ ਕਈ ਅਹਿਮ ਨਵੀਆਂ ਜਾਣਕਾਰੀਆਂ ਮੈਂਬਰਾਂ ਨਾਲ ਸਾਂਝੀਆਂ ਕੀਤੀਆਂ । ਮੀਟਿੰਗ ਵਿੱਚ ਗੁਰਬਚਨ ਸਿੰਘ , ਪਸ਼ੌਰਾ ਸਿੰਘ ਧਾਲੀਵਾਲ , ਭਜਨ ਸਿੰਘ ਖਹਿਰਾ , ਅਮਰੀਕ ਸਿੰਘ ਮਾਸਟਰ , ਨਿਰਮਲ ਸਿੰਘ ਇੰਸਪੈਕਟਰ , ਮੇਜਰ ਸਿੰਘ , ਰਵਿੰਦਰ ਸਿੰਘ ਢੀਂਡਸਾ , ਦਰਸ਼ਨ ਸਿੰਘ ਮੋਹਲਗਵਾਰਾ, ਲਛਮਣ ਦਾਸ ਵਰਮਾ , ਸੰਢੋਰੀਆ ਖਾਂ ,ਲਾਲ ਚੰਦ , ਪੂਰਨ ਚੰਦ , ਸਤੀਸ਼ ਕੁਮਾਰ , ਡੀ.ਸੀ. ਮੁਖੇਜ਼ਾ , ਸ੍ਰੀਮਤੀ ਬਿਮਲਾ ਪੁਰੀ , ਧਰਮਪਾਲ ਸਾਸ਼ਤਰੀ ਅਤੇ ਹੋਰ ਬਹੁਤ ਸਾਰੇ ਪੈਨਸ਼ਨਰ ਸ਼ਾਮਿਲ ਸਨ ।ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਦੀ ਅਗਲੀ ਤਿਮਾਹੀ ਮੀਟਿੰਗ 08 ਜੂਨ 2025 ਨੂੰ ਸਵੇਰੇ 11 ਵਜੇ ਸੀਨੀਅਰ ਸਿਟੀਜ਼ਨ ਸੰਸਥਾ ਦੇ ਹਾਲ ਵਿੱਚ ਹੋਵੇਗੀ

## ਹੰਸ ਰਾਜ ਮੈਮੋਰੀਅਲ ਸੀਨੀਅਰ ਸੈਕੰਡਰੀ ਸਕੂਲ ਦਾ 10ਵੀਂ ਦਾ ਨਤੀਜਾ ਰਿਹਾ 100 ਫੀਸਦੀ

### ਵਿਦਿਆਰਥਣ ਲਵਲੀ ਨੇ ਸਾਇੰਸ ਵਿਸ਼ੇ ਵਿੱਚੋਂ 100/100 ਅੰਕ ਪ੍ਰਾਪਤ ਕੀਤੇ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਕੋਟਕਪੂਰਾ/ਬਾਜਾਖਾਨਾ, 19 ਮਈ : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਨਤੀਜੇ ਵਿੱਚ ਹੰਸ ਰਾਜ ਮੈਮੋਰੀਅਲ ਸੀਨੀ. ਸੈਕੰ: ਸਕੂਲ ਬਾਜਾਖਾਨਾ ਦੀ ਦਸਵੀਂ ਸ਼੍ਰੇਣੀ ਦਾ ਨਤੀਜਾ 100 ਫੀਸਦੀ ਰਿਹਾ। ਦਸਵੀਂ ਸ਼੍ਰੇਣੀ ਦੀ ਵਿਦਿਆਰਥਣ ਲਵਲੀ ਨੇ 617/650 ਨੰਬਰ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ, ਹਰਮਨਦੀਪ ਕੌਰ ਨੇ 614/650 ਨੰਬਰ ਲੈ ਕੇ ਦੂਜਾ ਸਥਾਨ ਅਤੇ ਅਮਨਦੀਪ ਕੌਰ ਨੇ 611/650 ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਦਸਵੀਂ ਸ਼੍ਰੇਣੀ ਦੇ 8 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਅਤੇ 18 ਵਿਦਿਆਰਥੀਆਂ ਨੇ 80% ਤੋਂ ਵੱਧ ਨੰਬਰ ਲੈ ਕੇ ਆਪਣੀ



ਸ਼੍ਰੇਣੀ ਵਿੱਚ ਪਾਸ ਹੋਏ। ਬਾਕੀ ਵਿਦਿਆਰਥੀਆਂ ਨੇ ਵੀ 70 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ। ਇਸ ਤਰ੍ਹਾਂ ਇਹਨਾਂ ਵਿਦਿਆਰਥੀਆਂ ਨੇ ਆਪਣੇ ਸਕੂਲ, ਮਾਪੇ ਅਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ ਹੈ। ਦਸਵੀਂ ਸ਼੍ਰੇਣੀ ਦੇ ਵਿਦਿਆਰਥੀ, ਜਿੰਨਾਂ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ ਦਾ, ਪ੍ਰਿੰਸੀਪਲ ਸਿਮਰਜੀਤ ਕੌਰ, ਡਾ. ਸਮਰਿਤੀ ਸ਼ਰਮਾ ਅਤੇ ਬਾਕੀ ਸਟਾਫ ਨੇ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਸਨਮਾਨ ਕੀਤਾ। ਚੇਅਰਮੈਨ ਦਰਸ਼ਨਪਾਲ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਚੰਗੇ ਅੰਕ ਹਾਸਿਲ ਕਰਨ ਵਿੱਚ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਿਹਨਤੀ ਸਟਾਫ ਦੀ ਵੱਡੀ ਭੂਮਿਕਾਂ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੀ ਵਧੀਆਂ ਕਾਰਗੁਜ਼ਾਰੀ ਲਈ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਉਨ੍ਹਾਂ ਦੇ ਉਚੇਰੇ ਭਵਿੱਖ ਲਈ ਕਾਮਨਾ ਕੀਤੀ।

## ਕੰਡਿਆਲੀ ਤਾਰ ਦੇ ਉਸ ਪਾਰ— ਇਸ ਪਾਰ ਲੋਕ ਅਰਪਣ ਤੇ ਸਨਮਾਨ ਸਮਾਰੋਹ 24 ਮਈ ਨੂੰ:

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ




ਸੰਗਰੂਰ 19 ਮਈ : ਪੰਜਾਬੀ ਭਾਸ਼ਾ, ਸਾਹਿਤ ਸਿਰਜਣ ਅਤੇ ਸਮੀਖਿਆ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਅਦਾ ਕਰ ਰਹੀ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਭਾਰਤ ਵੰਡ ਦੀ ਤ੍ਰਾਸਦੀ ਨੂੰ ਮਾਰਮਿਕ ਅਤੇ ਯਥਾਰਤਕ ਤੌਰ ਤੇ ਪ੍ਰਸਤੁਤ ਕਰਦੀ ਪੁਸਤਕ ਕੰਡਿਆਲੀ ਤਾਰ ਦੇ ਉਸ ਪਾਰ ਇਸ ਪਾਰ ਕ੍ਰਿਤ ਅਨੋਖ ਸਿੰਘ ਵਿਰਕ ਨੂੰ 24 ਮਈ 2025 ਦਿਨ ਸ਼ਨੀਵਾਰ ਨੂੰ 10.00 ਵਜੇ ਸਵੇਰੇ ਪੰਜਾਬੀ ਵਿਰਸਾ ਰੈਸਟੋਰੈਂਟ ਨੇੜੇ ਡਾਕਖਾਨਾ ਸੰਗਰੂਰ ਵਿਖੇ ਉਤਕ੍ਰਿਸ਼ਟ ਵਿਦਵਾਨਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਜਾਵੇਗਾ। ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰਧਾਨ ਡਾ. ਭਗਵੰਤ ਸਿੰਘ, ਜਨਰਲ ਸਕੱਤਰ ਗੁਰਨਾਮ ਸਿੰਘ ਦੱਸਿਆ ਨੇ ਕਿ, "ਇਹ ਸਮਾਗਮ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫਤਹਿ ਦਿਵਸ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਪੁਸਤਕ ਦੇ ਲੋਕ ਅਰਪਣ, ਚਰਚਾ ਅਤੇ ਸਨਮਾਨ ਸਮਾਰੋਹ ਦੀ ਪ੍ਰਧਾਨਗੀ ਡਾ. ਤੇਜਵੰਤ ਮਾਨ ਸਾਹਿਤ ਰਤਨ ਕਰਨਗੇ, ਜਦਕਿ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਮੁੱਖ ਮਹਿਮਾਨ, ਸ਼੍ਰੀ ਪਵਨ ਹਰਚੰਦਪੁਰੀ ਪ੍ਰ.ਕੇ.ਪੰਜਾਬੀ ਲੇਖਕ ਸਭਾ ਸੇਖੋਂ ਸਨਮਾਨਿਤ ਮਹਿਮਾਨ, ਡਾ. ਰਣਜੋਧ ਸਿੰਘ ਜ਼ਿਲ੍ਹਾ ਭਾਸ਼ਾ ਅਫਸਰ ਸੰਗਰੂਰ ਵਿਸ਼ੇਸ਼ ਮਹਿਮਾਨ, ਡਾ. ਨਰਵਿੰਦਰ ਸਿੰਘ ਕੌਸ਼ਲ ਉਦਘਾਟਨ ਅਤੇ ਡਾ. ਹਰਵਿੰਦਰ ਸਿੰਘ ਭੱਟੀ ਮੁੱਖ ਵਕਤਾ ਹੋਣਗੇ। ਇਸ ਸਮਾਗਮ ਵਿੱਚ ਭਰਗਾਨੰਦ ਨਾਵਲਕਾਰ, ਸੁਖਮਿੰਦਰ ਸੇਖੋਂ ਗਲਪਕਾਰ, ਕੇ.ਸਾਧੂ ਸਿੰਘ ਕਵੀ ਨੂੰ ਸਨਮਾਨਿਤ ਕੀਤਾ ਜਾਵੇਗਾ। ਡਾ. ਜਗਦੀਪ ਕੌਰ ਅਹੂਜਾ, ਡਾ. ਚੂਹੜ ਸਿੰਘ, ਤੇਜਾ ਸਿੰਘ ਤਿਲਕ ਅਤੇ ਜੋਗਿੰਦਰ ਕੌਰ ਅਗਨੀਹੋਤਰੀ ਪੇਪਰ ਪ੍ਰਸਤੁਤ ਕਰਨਗੇ। ਸ. ਏ.ਪੀ. ਸਿੰਘ ਆਸਟ੍ਰੇਲੀਆ ਅਤੇ ਭੋਲਾ ਸਿੰਘ ਸੰਗਰਾਮੀ ਗਾਇਨ ਕਰਨਗੇ। ਉਤਕ੍ਰਿਸ਼ਟ ਵਿਦਵਾਨ ਚਰਚਾ ਵਿੱਚ ਭਾਗ ਲੈ ਕੇ ਉਸਾਰੂ ਸੰਵਾਦ ਰਚਾਉਣਗੇ। ਪੁਸਤਕ ਤੇ ਕਲਾ ਪ੍ਰਦਰਸ਼ਨੀ ਵੀ ਸਮਾਗਮ ਦਾ ਹਿੱਸਾ ਹੋਵੇਗੀ। ਇਸ ਅਵਸਰ ਤੇ ਸ. ਜਗਦੀਪ ਸਿੰਘ ਗੰਧਾਰਾ ਅਤੇ ਅਮਰ ਗਰਗ ਕਲਮਦਾਨ ਵੀ ਮੌਜੂਦ ਸਨ।

## ਚਾਨਣ ਵੰਡਦੀ ਕਹਿਕਸ਼ਾਂ : ਡਾ. ਗੁਰਚਰਨ ਕੌਰ ਕੋਚਰ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਡਾ. ਗੁਰਚਰਨ ਕੌਰ ਕੋਚਰ ਪਿਛਲੇ ਲੰਮੇ ਸਮੇਂ (2003) ਤੋਂ ਪੰਜਾਬੀ ਗ਼ਜ਼ਲ ਦੇ ਖੇਤਰ ਵਿੱਚ ਕਾਰਜਸ਼ੀਲ ਹਨ। ਹੁਣ ਤਾਂ ਡਾ. ਕੋਚਰ ਅਤੇ ਗ਼ਜ਼ਲ ਇੱਕ ਦੂਜੇ ਦੇ ਪਰਿਆਇ ਹੋ ਗਏ ਹਨ। ਉਨ੍ਹਾਂ ਦੀਆਂ ਗ਼ਜ਼ਲਾਂ ਦੇ 6 ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ- ਅਹਿਸਾਸ ਦੀ ਖੁਸ਼ਬੂ, ਅਹਿਸਾਸ ਦਾ ਸਫ਼ਰ, ਅਹਿਸਾਸ ਦੀਆਂ ਰਿਸ਼ਮਾਂ, ਹਰਫ਼ਾਂ ਦੀ ਮਹਿਕ, ਗ਼ਜ਼ਲ ਅਸ਼ਰਫ਼ੀਆਂ, ਚੋਣਵੀਂ ਪੰਜਾਬੀ ਨਾਰੀ ਗ਼ਜ਼ਲ (ਸੰਪਾਦਿਤ)। ਇਸਤੋਂ ਬਿਨਾਂ ਉਨ੍ਹਾਂ ਨੇ 2 ਨਿਬੰਧ ਸੰਗ੍ਰਹਿ ਅਤੇ ਅਨੁਵਾਦ ਦੀਆਂ ਕੁਝ ਕਿਤਾਬਾਂ ਵੀ ਲਿਖੀਆਂ ਹਨ। ਉਨ੍ਹਾਂ ਦੇ ਗ਼ਜ਼ਲ ਸੰਗ੍ਰਹਿ 'ਗ਼ਜ਼ਲ ਅਸ਼ਰਫ਼ੀਆਂ' ਦਾ ਸ਼ਾਹਮੁਖੀ ਵਿੱਚ ਵੀ ਲਿਪੀਅੰਤਰਨ ਹੋ ਚੁੱਕਾ ਹੈ। ਉਨ੍ਹਾਂ ਦੀਆਂ ਗ਼ਜ਼ਲਾਂ ਬਾਰੇ ਡਾ. ਬਲਦੇਵ ਸਿੰਘ ਬੱਦਨ ਦੀ ਸੰਪਾਦਨਾ ਹੇਠ ਇੱਕ ਆਲੋਚਨਾਤਮਕ ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਹੈ- 'ਡਾ. ਗੁਰਚਰਨ ਕੌਰ ਕੋਚਰ ਦੀ ਗ਼ਜ਼ਲ ਚੇਤਨਾ ਦੇ ਪਾਸਾਰ'।



ਪਿਛਲੇ ਦਿਨੀਂ ਉਨ੍ਹਾਂ ਦੀ ਇੱਕ ਨਵੀਂ ਕਾਵਿ ਕਿਤਾਬ ਪ੍ਰਕਾਸ਼ਿਤ ਹੋਈ ਹੈ – 'ਚਾਨਣ ਵੰਡਦੀ ਕਹਿਕਸ਼ਾਂ', ਜਿਸ ਵਿੱਚ 47 ਗ਼ਜ਼ਲਾਂ, 16 ਗੀਤ ਅਤੇ 8 ਕਵਿਤਾਵਾਂ ਸ਼ਾਮਲ ਹਨ। ਉਨ੍ਹਾਂ ਦੇ ਗੀਤਾਂ/ਗ਼ਜ਼ਲਾਂ ਨੂੰ ਪ੍ਰਸਿੱਧ ਗਾਇਕਾਂ ਨੇ ਆਪਣੀ ਆਵਾਜ਼ ਦਿੱਤੀ ਹੈ। ਆਪਣੀ ਸ਼ਾਇਰੀ ਵਿੱਚ ਉਨ੍ਹਾਂ ਨੇ ਜੀਵਨ ਦੇ ਹਰ ਰੰਗ ਨੂੰ ਪੇਸ਼ ਕੀਤਾ ਹੈ – ਪਿਆਰ, ਅਮਨ, ਪੀੜਾ, ਦਰਦ, ਵਿਸ਼ਵੀਕਰਨ, ਕਦਰਾਂ ਕੀਮਤਾਂ, ਬੇਰੁਜ਼ਗਾਰੀ, ਨਸ਼ਿਆਂ ਦਾ ਰੁਝਾਨ, ਔਰਤ ਦੀ ਸਥਿਤੀ, ਕਿਸਾਨ-ਮਜ਼ਦੂਰ ਦੀ ਮੰਦਹਾਲੀ, ਦਲਿਤਾਂ ਦੀ ਤਰਸਯੋਗ ਹਾਲਤ ਆਦਿ। ਤਿੰਨ ਵਿਸ਼ਿਆਂ ਵਿੱਚ ਐਮਏ, ਚਾਰ ਭਾਸ਼ਾਵਾਂ ਦੀ ਗਿਆਤਾ, 16 ਕਿਤਾਬਾਂ ਦੀ ਲੇਖਕਾ, 75 ਵੱਕਾਰੀ ਪੁਰਸਕਾਰਾਂ ਨਾਲ ਸਨਮਾਨਿਤ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਮੀਤ ਪ੍ਰਧਾਨ ਡਾ. ਕੋਚਰ ਨਿਰੰਤਰ ਸਾਹਿਤ ਦੇ ਖੇਤਰ ਵਿੱਚ ਗਤੀਸ਼ੀਲ ਹੈ।

ਰੰਗਾਂ ਦੀ ਆਬਸ਼ਾਰ, ਰੌਸ਼ਨੀ ਵੰਡਦੀ ਕਹਿਕਸ਼ਾਂ, ਨਾਰੀ ਗ਼ਜ਼ਲ ਦੀ ਪ੍ਰਮੁੱਖ ਹਸਤਾਖਰ, ਸੁਰੀਲੀ ਸਿਨਫ਼ ਦਾ ਸਫ਼ਰ, ਪੰਜਾਬੀ ਗ਼ਜ਼ਲ ਦੀ ਆਬਰੂ ਆਦਿ ਲਕਬਾਂ ਦੀ ਧਾਰਨੀ, ਨੈਸ਼ਨਲ ਅਤੇ ਸਟੇਟ ਅਵਾਰਡੀ ਡਾ. ਕੋਚਰ ਦੀ ਨਵੀਨਤਮ ਕਿਤਾਬ 'ਚੋਂ ਕੁਝ ਰਚਨਾਵਾਂ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਹਨ :

(1)

ਮੇਰਾ ਦਿਲ ਜੋ ਚਾਹਵੇ ਪਾਵਾਂ, ਤੈਨੂੰ ਕੀ।
ਕੀ ਮੈਂ ਪੀਵਾਂ ਤੇ ਕੀ ਖਾਵਾਂ, ਤੈਨੂੰ ਕੀ।

ਵਾਹਿਗੁਰੂ, ਅੱਲਾ, ਰਾਮ ਧਿਆਵਾਂ, ਤੈਨੂੰ ਕੀ।
ਕਿਸ ਨੂੰ ਆਪਣਾ ਪੀਰ ਬਣਾਵਾਂ, ਤੈਨੂੰ ਕੀ।

ਮੇਰੇ ਲਈ ਤਾਂ ਸਾਰੇ ਧਰਮ ਬਰਾਬਰ ਨੇ
ਮੰਦਰ ਜਾਂ ਗੁਰੂਦੁਆਰੇ ਜਾਵਾਂ, ਤੈਨੂੰ ਕੀ।

ਤੂੰ ਤਾਂ ਮੇਰਾ ਹਾਲ ਕਦੇ ਵੀ ਨਾ ਪੁੱਛਿਆ
ਜੇ ਕੋਈ ਪੁੱਛੇ, ਹਾਲ ਸੁਣਾਵਾਂ, ਤੈਨੂੰ ਕੀ।

ਤੋੜ ਕੇ ਨਾਤਾ ਹੁਣ ਕਿਉਂ ਮੇਰਾ ਫ਼ਿਕਰ ਕਰੇਂ
ਹੱਸਾਂ, ਰੋਵਾਂ ਜਾਂ ਕੁਰਲਾਵਾਂ, ਤੈਨੂੰ ਕੀ।

ਤੂੰ ਨੇਰੇ ਦਾ ਪੂਜਕ ਮੈਂ ਹਾਂ ਚਾਨਣ ਦੀ
ਬੁਝੇ ਹੋਏ ਜੇ ਦੀਪ ਜਗਾਵਾਂ, ਤੈਨੂੰ ਕੀ।

(2)

ਹਰ ਵੇਲੇ ਗੁੱਸੇ ਵਿੱਚ ਰਹਿਣਾ ਛੱਡ ਪਰੇ।
ਮੱਥੇ ਤੇ ਵੱਟ ਪਾ ਕੇ ਬਹਿਣਾ ਛੱਡ ਪਰੇ।

ਲੋਕਾਂ ਦਾ ਤੂੰ ਦਰਦ ਵੰਡਾ ਕੇ ਪੁੰਨ ਕਮਾ
"ਮੈਂ ਕੀ ਲੈਣਾ" ਇਹ ਸਭ ਕਹਿਣਾ ਛੱਡ ਪਰੇ।

ਦਗਾ ਕਮਾਇਆ ਬਹੁਤ ਰੁਆਇਆ ਜਿਹਨਾਂ ਨੇ
ਕੋਲ ਉਨ੍ਹਾਂ ਦ ਜੁੜ ਜੁੜ ਬਹਿਣਾ ਛੱਡ ਪਰੇ
।
ਬੁੱਲ੍ਹਾਂ ਨੂੰ ਹੁਣ ਖੋਲ੍ਹ ਤੇ ਮੂੰਹੋਂ ਡਟ ਕੇ ਬੋਲ
ਜ਼ਾਲਮ ਦੇ ਜ਼ੁਲਮਾਂ ਨੂੰ ਸਹਿਣਾ ਛੱਡ ਪਰੇ।

ਸਿਦਕੀ ਸਿਰੜੀ ਹਿੰਮਤੀ ਬਣ ਕੇ ਸਾਹਵੇਂ ਆ
ਕੱਚੀਆਂ ਕੰਧਾਂ ਵਾਂਗਰ ਢਹਿਣਾ ਛੱਡ ਪਰੇ।

ਨਾਲ ਸਲੀਕੇ ਤੁਰ ਕੇ ਆਪਣੀ ਸ਼ਾਨ ਵਧਾ
ਨਦੀਏ! ਕੰਢਿਆਂ ਨਾਲ ਤੂੰ ਖਹਿਣਾ ਛੱਡ ਪਰੇ।

(3)

ਹਰ ਬਸਤੀ ਦੀਆਂ ਕੰਧਾਂ ਉੱਤੇ ਇੱਕੋ ਲਫ਼ਜ਼ ਮੁਹੱਬਤ ਲਿਖੀਏ।
ਤੇ ਹਰ ਚੌਂਕ-ਚੁਰਾਹੇ ਉੱਤੇ 'ਮਾਂ-ਬੋਲੀ ਹੈ ਤਾਕਤ' ਲਿਖੀਏ।

ਬਹੁਤ ਅਨੂਠੀ ਬਹੁਤ ਪਿਆਰੀ ਮਾਂ ਬੋਲੀ ਪੰਜਾਬੀ ਸਾਡੀ
ਗੁੜ, ਸ਼ਹਿਦ ਤੇ ਮਿਸ਼ਰੀ ਵਰਗੀ, ਮਿੱਠੀ ਵਾਂਗੂੰ ਸ਼ਰਬਤ ਲਿਖੀਏ।

ਸ਼ਬਦਾਂ ਦਾ ਅਨਮੋਲ ਖਜ਼ਾਨਾ ਰੱਖੇ ਮਾਂ ਬੋਲੀ ਪੰਜਾਬੀ
ਤੋਟ ਨਾ ਆਵੇ ਬੋਲਣ ਵੇਲੇ ਇਸ ਵਿੱਚ ਐਨੀ ਬਰਕਤ ਲਿਖੀਏ।


ਕਰੇ ਤਰੱਕੀ ਰਾਤ ਦਿਨੇ ਇਹ ਮਹਿਮਾ ਹੋਵੇ ਦੂਣ ਸਵਾਈ
ਰਹੇ ਕਿਆਮਤ ਤੱਕ ਸਲਾਮਤ ਦਿਲ ਦੀ ਡੂੰਘੀ ਹਸਰਤ ਲਿਖੀਏ।

ਕਰੀਏ ਹੋਰ ਭਾਸ਼ਾਵਾਂ ਦਾ ਵੀ ਮਾਣ ਦਿਲੋਂ, ਐ ਕੋਚਰ! ਐਪਰ
ਮਾਂ ਬੋਲੀ ਪੰਜਾਬੀ ਨੂੰ ਤਾਂ ਜੀਵਨ ਦਾਤੀ ਅੰਮ੍ਰਿਤ ਲਿਖੀਏ।

## ਡਾ.ਸਰਬਜੀਤ ਕੰਗਣੀਵਾਲ ਦੀ 'ਪੰਜਾਬ ਦੀ ਖੱਬੀ ਲਹਿਰ (ਬਸਤੀਵਾਦ ਤੋਂ ਮੁਕਤੀ ਤੱਕ)' ਖੋਜੀ ਪੁਸਤਕ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ

ਡਾ.ਸਰਬਜੀਤ ਸਿੰਘ ਕੰਗਣੀਵਾਲ ਖੋਜੀ ਪੱਤਰਕਾਰ, ਲੇਖਕ ਤੇ ਸੰਪਾਦਕ ਹੈ। ਉਹ ਜਿਹੜਾ ਵੀ ਕਾਰਜ਼ ਕਰਦਾ ਹੈ, ਉਸਦੀ ਡੂੰਘਾਈ ਤੱਕ ਜਾਣਕਾਰੀ ਪ੍ਰਾਪਤ ਕਰਕੇ ਮੁਕੰਮਲ ਕਰਦਾ ਹੈ, ਭਾਵੇਂ ਕਿਤਨਾ ਵੀ ਸਮਾਂ ਲੱਗ ਜਾਵੇ। ਮੁੱਢਲੇ ਤੌਰ 'ਤੇ ਉਹ ਖੱਬੇ ਪੱਖੀ ਸੋਚ ਦਾ ਧਾਰਨੀ ਹੈ। ਸਰਬਜੀਤ ਕੰਗਣੀਵਾਲ ਸਿਰੜੀ, ਮਿਹਨਤੀ ਅਤੇ ਦ੍ਰਿੜ੍ਹਤਾਵਾਦੀ ਲੇਖਕ ਹੈ। ਇਸ ਕਰਕੇ ਉਸਨੇ ਖੱਬੇ ਪੱਖੀ ਲਹਿਰ ਨੂੰ ਪੰਜ ਜਿਲਦਾਂ ਵਿੱਚ ਪ੍ਰਕਾਸ਼ਤ ਕਰਨ ਦਾ ਦ੍ਰਿੜ੍ਹ ਨਿਸਚਾ ਕੀਤਾ, ਇਸ ਦੀ ਪਹਿਲੀ ਜਿਲਦ 'ਪੰਜਾਬ ਦੀ ਖੱਬੀ ਲਹਿਰ' (ਬਸਤੀਵਾਦ ਤੋਂ ਮੁੱਕਤੀ ਤੱਕ) ਪ੍ਰਕਾਸ਼ਤ ਕੀਤੀ ਹੈ। ਇਸ ਪੁਸਤਕ ਨੂੰ ਉਸਨੇ 7 ਅਧਿਆਇ ਵਿੱਚ ਵੰਡਿਆ ਹੈ। ਉਸਨੇ ਖੱਬੇ ਪੱਖੀ ਲਹਿਰ ਦੀ ਸੰਸਾਰ, ਭਾਰਤ ਅਤੇ ਪੰਜਾਬ ਵਿੱਚ ਸ਼ੁਰੂ ਤੋਂ ਲੈ ਕੇ ਅਖ਼ੀਰ ਤੱਕ ਇਤਿਹਾਸਕ ਪ੍ਰਗਤੀ ਅਤੇ ਖੋਜ ਭਰਪੂਰ ਤੱਥਾਂ 'ਤੇ ਅਧਾਰਤ ਜਾਣਕਾਰੀ ਦਿੱਤੀ ਹੈ। ਪਹਿਲੇ ਅਧਿਆਇ ਵਿੱਚ ਲਹਿਰ ਦੀ ਪੰਜਾਬ ਵਿੱਚ ਸ਼ੁਰੂਆਤ ਤੋਂ ਜਾਣਕਾਰੀ ਦਿੱਤੀ ਗਈ ਹੈ। ਭੂਗੋਲਿਕ ਤੌਰ 'ਤੇ ਵੈਦਿਕ ਕਾਲ ਵਿੱਚ ਸੱਤ ਦਰਿਆ ਦੇ ਇਲਾਕੇ ਨੂੰ ਸਪਤ ਸਿੰਧੂ ਤੇ ਯੂਨਾਨੀਆਂ ਦੇ ਸਮੇਂ ਪੰਜ ਦਰਿਆ ਹੋਣ ਕਰਕੇ ਪੰਜਾਬ ਬਣ ਗਿਆ। ਪੰਦਰਵੀਂ ਸਦੀ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਉਣ ਤੇ ਨਵਾਂ ਦੌਰ ਆਰੰਭ ਹੋਇਆ, ਜਿਹੜਾ 1699 ਵਿੱਚ ਸ੍ਰੀ ਗੁਰੂ ਗੋਬਿੰਦ ਤੱਕ ਪਹੁੰਚਦਿਆਂ ਜ਼ੁਲਮ ਦੇ ਵਿਰੁੱਧ ਸੰਘਰਸ਼ ਦੇ ਰੂਪ ਵਿੱਚ ਖਾਲਸੇ ਦੀ ਸਿਰਜਨਾ ਨਾਲ ਹੋਇਆ। 1710 ਵਿੱਚ ਬੰਦਾ ਬਹਾਦਰ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਫਿਰ ਸਿੱਖ ਮਿਸਲਾਂ ਦਾ ਰਾਜ ਸ਼ੁਰੂ ਹੋਇਆ, ਜੋ 1799 ਵਿੱਚ ਲਾਹੌਰ 'ਤੇ ਕਬਜ਼ਾ ਕਰਨ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਰੂਪ ਵਿੱਚ ਹੋਇਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਤੱਕ ਹਿੰਦੁਸਤਾਨ ਬ੍ਰਿਟਿਸ਼ ਬਸਤੀਵਾਦ ਦਾ ਕਬਜ਼ਾ ਹੋ ਗਿਆ। 1857 ਦੇ ਗਦਰ ਤੋਂ ਬਾਅਦ 1947 ਵਿੱਚ ਭਾਰਤ ਆਜ਼ਾਦ ਹੋ ਗਿਆ ਤੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਫਰਾਂਸ ਦੇ ਇਨਕਲਾਬ ਸਮੇਂ ਰਾਜੇ ਦੇ ਵਿਰੋਧੀ ਖੱਬੇ ਤੇ ਸੱਜੇ ਦੋ ਗਰੁੱਪ ਬਣ ਗਏ। ਪਹਿਲਾਂ ਗ਼ਦਰੀ ਸਮਾਜਵਾਦੀ ਵਿਚਾਰਾਂ ਦੇ ਪੱਖੀ ਹੋਏ। ਅਕਤੂਬਰ 1920 ਵਿੱਚ ਤਾਸ਼ਕੰਦ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦਾ ਗਠਨ ਦਸੰਬਰ 1925 ਵਿੱਚ ਭਾਰਤ ਵਿੱਚ ਕਾਨ੍ਹਪੁਰ ਵਿਖੇ ਭਾਰਤੀ ਕਮਿਊਨਿਸਟ ਪਾਰਟੀ ਦਾ ਗਠਨ ਹੋਇਆ, 1934 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਨਾਲ ਇਲਹਾਕਬੱਧ ਹੋ ਗਈ। ਦੂਜਾ ਅਧਿਆਇ 'ਖੱਬੀ ਲਹਿਰ ਦੀ ਪਿੱਠ ਭੂਮੀ' ਵਿੱਚ ਦੱਸਿਆ ਗਿਆ ਹੈ ਕਿ ਅੰਗਰੇਜ਼ਾਂ ਦੇ ਪੰਜਾਬ 'ਤੇ ਕਬਜ਼ੇ ਤੋਂ ਸੱਤ ਦਹਾਕਿਆਂ ਬਾਅਦ ਖੱਬੇ ਪੱਖੀ ਸਰਗਰਮੀਆਂ ਆਰੰਭ ਹੋਈਆਂ। ਮਹਾਰਾਜਾ ਰਣਜੀਤ ਸਿੰਘ ਨੇ ਸੰਗਠਿਤ ਪੰਜਾਬੀ ਕੌਮ ਦੀ ਭਾਵਨਾ ਪੈਦਾ ਕੀਤੀ। ਪਿੰਡ ਆਤਮ ਨਿਰਭਰ ਬਣਾਏ। ਸਾਰੇ ਵਰਗ ਇੱਕ ਦੂਜੇ 'ਤੇ ਨਿਰਭਰ ਸਨ। ਰਾਜਾਸ਼ਾਹੀ ਦੇ ਆਖ਼ਰੀ ਦਹਾਕੇ ਵਿੱਚ ਖੜਕ ਸਿੰਘ, ਨੌਨਿਹਾਲ ਸਿੰਘ, ਸ਼ੇਰ ਸਿੰਘ, ਚਾਂਦ ਕੌਰ, ਖ਼ਾਨਜੰਗੀ ਰਾਜਗੱਦੀ ਦੀ ਕਸ਼ਮਕਸ਼ ਵਿੱਚ ਮਾਰੇ ਗਏ। ਦਲੀਪ ਸਿੰਘ ਨੂੰ ਜਾਨਸ਼ੀਨ ਬਣਾਕੇ ਅੰਗਰੇਜ਼ ਅਸਿੱਧੇ ਢੰਗ ਨਾਲ ਰਾਜ ਕਰਦੇ ਰਹੇ। 1849 ਵਿੱਚ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਗਏ। ਪੁਰਾਣੇ ਢਾਂਚੇ ਨੂੰ ਖ਼ਤਮ ਕਰਕੇ ਲਾਰਡ ਡਲਹੌਜੀ ਨੇ ਨਵਾਂ ਢਾਂਚਾ ਸੱਤ ਡਵੀਜਨਾ ਬਣਾ ਕੇ ਸਥਾਪਤ ਕੀਤਾ। ਹਥਿਆਰ ਜਮ੍ਹਾਂ ਕਰਵਾ ਲਏ, ਸਿੱਖ ਫ਼ੌਜ ਤੋੜ ਦਿੱਤੀ, ਸਿੱਖ ਬ੍ਰੀਗੇਡ ਬਣਾਈ, ਜ਼ਮੀਨ ਮਾਲਕੀ ਦੀ ਨਵੀਂ ਨੀਤੀ, ਟੈਕਸ ਪ੍ਰਣਾਲੀ ਅਤੇ ਨਹਿਰੀ ਪ੍ਰਣਾਲੀ ਸ਼ੁਰੂ ਕੀਤੀ, ਈਸਟ ਇੰਡੀਆ ਕੰਪਨੀ ਤਾਕਤਵਰ ਬਣਾਈ, ਰਿਆਸਤਾਂ ਦੀ ਨਵੀਂ ਨੀਤੀ ਬਣਾਈ। ਧਾਰਮਿਕ ਲਹਿਰਾਂ ਦਾ ਉਭਾਰ ਤੇ ਸਿਖਿਆ ਦੀ ਸ਼ੁਰੂਆਤ ਵਿੱਚ ਪੁਜਾਰੀਆਂ ਤੇ ਮਹੰਤਾਂ ਦੇ ਅਧਿਕਾਰ ਵਧਾ ਦਿੱਤੇ, ਫ਼ੌਜੀ ਯੂਨਿਟਾਂ ਵਿੱਚ ਧਰਮ ਦੇ ਆਧਾਰ 'ਤੇ ਯੋਜਨਬੰਦੀ, ਧਰਮਾਂ ਨੂੰ ਵੰਡਣਾ ਆਦਿ। ਫਿਰ 1888 ਵਿੱਚ ਖਾਲਸਾ ਦੀਵਾਨ ਨਾਂ ਦੀ ਕੇਂਦਰੀ ਸੰਸਥਾ ਦਾ ਬਣਨਾ, ਖਾਲਸਾ ਕਾਲਜ ਦੀ ਸਥਾਪਨਾ, ਹਿੰਦੂਆਂ ਨੇ ਐਂਗਲੋਵੈਦਿਕ ਸਕੂਲ ਬਣਾਏ। ਨਾਮਧਾਰੀ ਲਹਿਰ ਨਾਲ ਬਸਤੀਵਾਦ ਸਰਕਾਰ ਵਿਰੁੱਧ ਵਿਦਰੋਹ ਸ਼ੁਰੂ, ਸਰਕਾਰ ਨੇ ਪੰਜਾਬ ਲਾਜ਼ ਐਕਟ ਬਣਾਇਆ, ਰੇਲਵੇ ਪੁਲਿਸ ਦਾ ਗਠਨ, ਖੇਤੀ ਸੈਕਟਰ ਦਾ ਨਵਾਂ ਦੌਰ ਸ਼ੁਰੂ, ਮਾਲੀਏ ਦੀ ਵੱਧ ਦਰ ਕਰਕੇ ਛੋਟੇ ਕਿਸਾਨ ਕਰਜ਼ਈ, ਨਿੱਜੀ ਮਾਲਕੀਅਤ ਸ਼ੁਰੂ, ਉਦਯੋਗ ਲਗਾਉਣੇ ਸ਼ੁਰੂ ਹੋਏ, ਸਿਆਸੀ ਸਰਗਰਮੀਆਂ ਇੰਡੀਅਨ ਨੈਸ਼ਨਲ ਕਾਂਗਰਸ ਨੇ ਸ਼ੁਰੂ ਕੀਤੀਆਂ, ਲੈਜਿਸਲੇਟਿਵ ਕੌਂਸਲ ਦੀ ਸਥਾਪਤੀ ਨਾਲ ਗਵਰਨਰ ਜਨਰਲ ਸ਼ਕਤੀਸ਼ਾਲੀ ਹੋ ਗਿਆ। ਸਾਰਾਗੜ੍ਹੀ ਦੀ ਜੰਗ ਵਿੱਚ ਸਿੱਖਾਂ ਨੇ ਬਹਾਦਰੀ ਦੇ ਝੰਡੇ ਗੱਡੇ। ਬਸਤੀਵਾਦੀ ਸ਼ਾਸਨ ਦੀ ਪਹਿਲੀ ਅੱਧੀ ਸਦੀ ਵਿੱਚ ਸੁਧਾਰ ਹੋਏ ਪ੍ਰੰਤੂ ਉਨ੍ਹਾਂ ਦਾ ਲੋਕਾਂ 'ਤੇ ਮਾੜਾ ਪ੍ਰਭਾਵ ਪਿਆ। ਖੇਤੀ ਸੈਕਟਰ ਅਤੇ ਨਵਾਂ ਖੇਤੀ ਕਾਨੂੰਨ ਆਉਣ ਨਾਲ ਕਿਸਾਨੀ ਸ਼ਾਹੂਕਾਰਾਂ 'ਤੇ ਨਿਰਭਰ ਹੋ ਗਈ। ਉਦਯੋਗਾਂ ਦੇ ਮਸ਼ੀਨੀਕਰਨ ਨਾਲ ਪੁਰਾਣੇ ਉਦਯੋਗ ਖ਼ਤਮ ਹੋ ਗਏ। ਲੋਕਾਂ ਵਿੱਚ ਅਸੰਜਮਤਾ ਪੈਦਾ ਹੋ ਗਈ। ਪਲੇਗ ਨਾਲ ਹਜ਼ਾਰਾਂ ਲੋਕ ਮਰ ਗਏ, ਪੁਲਿਸ ਵਿੱਚ ਹੜਤਾਲ ਹੋ ਗਈ, ਸਿੱਖਾਂ ਦੀਆਂ ਸੰਸਥਾਵਾਂ ਵਿੱਚ ਫੁੱਟ ਪਵਾਈ ਗਈ। ਰਾਸ਼ਟਰਵਾਦੀ ਲਹਿਰ ਤੋਂ ਬਾਅਦ ਬੰਗਾਲ ਨੂੰ ਵੰਡ ਦਿੱਤਾ, ਅਜੀਤ ਸਿੰਘ ਤੇ ਕਿਸ਼ਨ ਸਿੰਘ ਸਰਗਰਮ ਹੋ ਗਏ, ਜਨਤਕ ਜਲਸਿਆਂ ਤੇ ਭਾਸ਼ਣਾਂ ਤੇ ਪਾਬੰਦੀ ਲਾ ਦਿੱਤੀ ਗਈ। ਕਾਂਗਰਸ ਦੇ ਬਰਾਬਰ ਆਲ ਇੰਡੀਆ ਮੁਸਲਮ ਲੀਗ ਦੀ ਸਥਾਪਨਾ ਫਿਰਕੂ ਰੰਗਤ ਦੇਣ ਲਈ ਕੀਤੀ ਗਈ। ਮਿੰਟੋ ਮਾਰਲੇ ਸੁਧਾਰ ਲਹਿਰ ਸ਼ੁਰੂ ਕੀਤੀ ਗਈ। ਲਾਰਡ ਹਾਰਡਿੰਗ ਵਾਇਸਰਾਏ ਬਣਾਏ ਗਏ ਤੇ ਬੰਗਾਲ ਦੀ ਵੰਡ ਰੱਦ ਕਰ ਦਿੱਤੀ, ਵਾਇਸਰਾਏ ਤੇ ਬੰਬ ਸੁੱਟਿਆ ਗਿਆ, ਬੁਨਿਆਦੀ ਢਾਂਚੇ ਵਿੱਚ ਤਬਦੀਲੀਆਂ ਕੀਤੀਆਂ, ਚਨਾਬ ਨਹਿਰ ਅਤੇ ਰੇਲ ਲਾਈਨਾ ਦਾ ਵਿਸਤਾਰ ਕੀਤਾ ਗਿਆ। ਵਿਦੇਸ਼ਾਂ ਵਿੱਚ ਭਾਰਤੀਆਂ ਨਾਲ ਦੁਰਵਿਵਾਰ ਦੇ ਸਿੱਟੇ ਵਜੋਂ ਗ਼ਦਰ ਪਾਰਟੀ ਦੀ ਸਥਾਪਨਾ ਹੋਈ। 1913 ਵਿੱਚ ਗ਼ਦਰ ਅਖ਼ਬਾਰ ਸ਼ੁਰੂ ਕੀਤਾ, ਕਾਮਾਗਾਟਾ ਮਾਰੂ ਘਟਨਾਂ ਨਾਲ ਰੋਸ ਉਤਪਨ ਹੋ ਗਿਆ। ਲਾਹੌਰ ਸ਼ਾਜਸ਼ ਕੇਸ ਵਿੱਚ ਸਜ਼ਾਵਾਂ ਤੇ ਜਾਇਦਾਦਾਂ ਜ਼ਬਤ ਹੋਈਆਂ। ਦੂਜੀ ਸੰਸਾਰ ਜੰਗ ਤੋਂ ਬਾਅਦ ਬਿਪਨ ਚੰਦਰ ਪਾਲ, ਲਾਲਾ ਲਾਜਪਤ ਰਾਏ ਅਤੇ ਬਾਲ ਗੰਗਾਧਰ ਤਿਲਕ ਨੇ 1916 ਵਿੱਚ ਹੋਮ ਰੂਲ ਅੰਦੋਲਨ ਚਲਾਕੇ ਪੰਜਾਬੀਆਂ ਵਿੱਚ ਜੋਸ਼ ਭਰ ਦਿੱਤਾ। ਰੋਲਟ ਐਕਟ, ਜਲ੍ਹਿਆਂ ਵਾਲੇ ਬਾਗ ਦੀਆਂ ਘਟਨਾਵਾਂ, ਕਿਸਾਨੀ ਤੇ ਦਬਾਅ ਅਤੇ ਰੂਸ ਦੇ ਇਨਕਲਾਬ ਨੇ ਖਿਲਾਫਤ ਲਹਿਰ ਤੇਜ ਕਰ ਦਿੱਤੀ।1920 ਵਿੱਚ ਟਰੇਡ ਯੂਨੀਅਨ ਬਣ ਗਈ, ਕਿਰਤੀ ਸ਼੍ਰੇਣੀ ਇੱਕਮੁੱਠ ਹੋ ਗਈ, ਇਨਕਲਾਬ ਅਖ਼ਬਾਰ ਸ਼ੁਰੂ, ਯੂਨੀਅਨ ਪਾਰਟੀ ਦਾ ਗਠਨ, ਕਿਸਾਨ ਤੇ ਮਜ਼ਦੂਰ ਜਮਾਤ ਵਿੱਚ ਬੇਚੈਨੀ, ਕਮਿਊਨਿਸਟ ਪਾਰਟੀ ਦੀ ਸਥਾਪਨਾ ਵਿੱਚ ਪੰਜਾਬ ਦਾ ਯੋਗਦਾਨ ਗੌਲਣਯੋਗ ਸੀ। ਗਰਮ ਖਿਆਲੀ ਨੌਜਵਾਨਾਂ ਨੇ ਹਿੰਦੁਸਤਾਨ ਰਿਪਬਲਿਕਨ ਐਸੋਸ਼ੀਏਸ਼ਨ ਦੂਜੇ ਪਾਸੇ ਆਰ.ਐਸ.ਐਸ ਤੇ ਜਨ ਸੰਘ ਬਣ ਗਏ। ਇਸੇ ਸਮੇਂ ਜਾਤੀਵਾਦਕ ਸਰਗਰਮੀਆਂ ਸ਼ੁਰੂ ਹੋਈਆ, ਦਲਿਤਾਂ ਨੇ ਧਰਮ ਪ੍ਰਾਇਮਰੀ ਸਕੂਲ ਖੋਲ੍ਹਿਆ, ਖੱਬੀ ਲਹਿਰ ਲਈ ਇਹ ਚੁਣੌਤੀ ਸੀ। ਨੌਜਵਾਨ ਸਭਾ ਬਣੀ, ਜਿਸਦੇ ਪ੍ਰਧਾਨ ਗੁਰੂ ਦੱਤ ਤੇ ਭਗਤ ਸਿੰਘ ਜਨਰਲ ਸਕੱਤਰ ਬਣੇ। ਕਿਰਤੀ ਕਿਸਾਨ ਪਾਰਟੀ ਵੀ ਬਣ ਗਈ। ਪਰਜਾਮੰਡਲ ਦਾ ਮੁੱਢ 1927 ਵਿੱਚ ਬੱਝ ਗਿਆ। ਹਿੰਦੁਸਤਾਨ ਰਿਪਬਲਿਕਨ ਪਾਰਟੀ ਨੇ ਨਵਾਂ ਨਾਮ ਹਿੰਦੁਸਤਾਨ ਸ਼ੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਰੱਖ ਲਿਆ। ਸਾਈਮਨ ਕਮਿਸ਼ਨ ਦੇ ਵਿਰੋਧ ਕਰਦਿਆਂ ਲਾਲਾ ਲਾਜਪਤ ਰਾਏ ਦੀ ਬਾਅਦ ਵਿੱਚ ਮੌਤ ਹੋ ਗਈ। ਭਗਤ ਸਿੰਘ ਹੋਰਾਂ ਨੇ ਬਦਲਾ ਲੈਣ ਦੀ ਠਾਣ ਲਈ। ਕਾਂਗਰਸ ਨੇ ਡੋਮੀਨੀਅਨ ਰਾਜ ਦਾ ਦਰਜਾ ਦੇਣ ਦੀ ਮੰਗ ਰੱਖ ਦਿੱਤੀ। ਇੰਡਸਟਰੀਅਲ ਡਿਸਪਿਊਟ ਐਕਟ ਤੇ ਪਬਲਿਕ ਸੇਫਟੀ ਬਿਲ ਦੇ ਵਿਰੋਧ ਕਰਕੇ ਪੰਜਾਬ ਵਿੱਚੋਂ ਖੱਬੇ ਪੱਖੀਆਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ। ਕਾਂਗਰਸ 'ਤੇ ਖੱਬੇ ਪੱਖੀਆਂ ਦਾ ਦਬਾਅ ਵੱਧ ਗਿਆ। ਭਗਤ ਸਿੰਘ, ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੇਣ ਨਾਲ ਸਿਆਸੀ ਹਾਲਤਾਂ ਵਿੱਚ ਪਰਿਵਰਤਨ ਆਇਆ। ਗੋਲਮੇਜ਼ ਕਾਨਫਰੰਸਾਂ ਦੀ ਰਾਜਨੀਤੀ ਸ਼ੁਰੂ ਹੋ ਗਈ। ਸਿਵਲ ਨਾ ਫੁਰਮਾਨੀ ਲਹਿਰ ਮੱਠੀ ਪੈ ਗਈ,7 ਅਪ੍ਰੈਲ 1934 ਨੂੰ ਵਾਪਸ ਲੈ ਲਈ। ਖੱਬੇ ਪੱਖੀ ਗਰੁਪ ਆਪੋ ਆਪਣੀ ਡਫਲੀ ਵਜਾ ਰਹੇ ਸਨ, ਕਮਿਊਨਿਸਟ ਪਾਰਟੀ ਦੀ ਪੰਜਾਬ ਇਕਾਈ ਦਾ ਗਠਨ ਹੋਇਆ। ਚੌਥੇ ਅਧਿਆਇ ਵਿੱਚ ਸਮਾਨਾਂਤਰ ਖੱਬੀ ਲਹਿਰ ਦੀ ਜਦੋਜਹਿਦ ਵਿੱਚ ਇਨਕਲਾਬ ਅਤੇ ਕਿਰਤੀ ਅਖ਼ਬਾਰ ਸ਼ੁਰੂ ਹੋਏ, ਮਜ਼ਦੂਰ ਯੂਨੀਅਨ ਗਠਿਤ, ਕਾਂਗਰਸ ਅਤੇ ਸੀ.ਪੀ.ਆਈ ਨੇ ਟਰੇਡ ਯੂਨੀਅਨ ਗਠਿਤ ਕੀਤੀਆਂ, ਜਲ੍ਹਿਆਂ ਵਾਲੇ ਬਾਗ ਦੀ ਘਟਨਾ ਨੇ ਰਾਸ਼ਟਰਵਾਦੀ ਉਭਾਰ ਪੈਦਾ ਕੀਤਾ ਤੇ ਨਾਮਿਲਵਰਤਨ ਲਹਿਰ ਰਾਹੀਂ ਸਵਦੇਸ਼ੀ ਦਾ ਪ੍ਰਚਾਰ ਆਰੰਭਿਆ। ਖਾਲਸਾ ਅਖ਼ਬਾਰ ਦਾ ਨਾਮ ਬਦਲਕੇ ਅਕਾਲੀ ਅਖ਼ਬਾਰ ਕੀਤਾ। ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਕੀਤੀ। ਅਕਾਲੀ ਦਲ ਦੀ ਨਰਮ ਨੀਤੀ ਕਰਕੇ ਬੱਬਰ ਅਕਾਲੀ ਹੋਂਦ ਵਿੱਚ ਆਏ, ਬੱਬਰ ਅਕਾਲੀ ਦੋਆਬਾ ਅਖ਼ਬਾਰ ਸ਼ੁਰੂ ਕੀਤਾ। ਬੱਬਰ ਅਕਾਲੀ ਸ਼ਾਜ਼ਸ ਕੇਸ ਵਿੱਚ ਫਾਂਸੀ ਤੇ ਹੋਰ ਸਜ਼ਾਵਾਂ ਹੋਈਆਂ। ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਗਾਂਧੀ ਨੇ ਨਾਮਿਲਵਰਤਨ ਲਹਿਰ ਬੰਦ ਕਰ ਦਿੱਤੀ। ਇਨਕਲਾਬੀ ਕ੍ਰਾਂਤੀਕਾਰੀਆਂ ਤੇ ਸਰਕਾਰ ਨੇ ਸਿਕੰਜਾ ਕਸ ਦਿੱਤਾ। ਨੌਜਵਾਨ ਭਾਰਤ ਸਭਾ ਨੇ ਆਪਣੀ ਵਿਦਿਆਰਥੀਆਂ ਦੀ ਜਥੇਬੰਦੀ 1928 ਵਿੱਚ ਗਠਿਤ ਕੀਤੀ। ਜੇ.ਪੀ.ਸਾਂਡਰਸ ਦੀ ਹੱਤਿਆ, ਅਸੈਂਬਲੀ ਵਿੱਚ ਬੰਬ ਧਮਾਕਾ, ਵਾਇਸਰਾਏ ਦਾ ਡੱਬਾ ਲੰਘਣ ਤੋਂ ਬਾਅਦ ਧਮਾਕਾ, ਨੌਜਵਾਨ ਸਭਾ ਤੇ ਪਾਬੰਦੀ, ਭਗਤ ਸਿੰਘ ਸਮੇਤ ਨੌਜਵਾਨਾ ਦੀਆਂ ਗ੍ਰਿਫ਼ਤਾਰੀਆਂ ਅਤੇ ਭਗਤ ਸਿੰਘ ਰਾਜ ਗੁਰੂ ਤੇ ਸੁਖਦੇਵ ਨੂੰ ਫਾਂਸੀ ਦੀਆਂ ਸਜ਼ਾਵਾਂ ਹੋਈਆਂ। ਗਾਂਧੀ ਇਰਵਨ ਸਮਝੌਤਾ ਇੱਕ ਕਿਸਮ ਨਾਲ ਨੌਜਵਾਨਾ ਦੇ ਵਿਰੁੱਧ ਸੀ। ਫਾਂਸੀ ਦੇ ਵਿਰੁੱਧ ਸ਼ਰਧਾਂਜ਼ਲੀ ਸਮਾਗਮ ਅੱਚਰਵਾਲ 'ਦੇਸ਼ ਭਗਤ ਮੇਲੇ' ਦੇ ਨਾਂ 'ਤੇ ਕੀਤਾ। ਨੌਜਵਾਨ ਸਭਾ ਤੋਂ ਪਾਬੰਦੀ ਤਾਂ ਹਟਾ ਲਈ ਪ੍ਰੰਤੂ ਜਥੇਬੰਦੀਆਂ ਨੇਤਾਵਾਂ ਤੋਂ ਵਿਹੂਣੀਆਂ ਹੋ ਗਈਆਂ। ਕਿਰਤੀ ਤੇ ਨੌਜਵਾਨ ਇੱਕਮਤ ਹੋ ਗਏ। ਪੰਜਵਾਂ ਅਧਿਆਇ ਸੀ.ਪੀ.ਆਈ. ਪੰਜਾਬ ਦੇ ਗਠਨ ਤੋਂ ਲੋਕ ਯੁੱਧ ਦੀ ਨੀਤੀ ਦਾ ਸਫ਼ਰ ਸ਼ੁਰੂ ਹੋਇਆ। ਜੁਲਾਈ 1934 ਵਿੱਚ ਸਰਕਾਰ ਨੇ ਸੀ.ਪੀ.ਆਈ. ਤੇ ਪਾਬੰਦੀ ਲਾ ਦਿੱਤੀ। ਇਸ ਤੋਂ ਬਾਅਦ ਪਾਰਟੀ ਦੇ ਨੇਤਾਵਾਂ ਵਿੱਚ ਕਾਟੋਕਲੇਸ਼ ਜ਼ਾਰੀ ਰਿਹਾ। 'ਸੂਬਾਈ ਸਾਮਰਾਜ ਵਿਰੋਧੀ ਲੀਗ', 'ਸ਼ਹਿਨੀਅਤ ਵਿਰੋਧੀ ਲੀਗ', ਪੀਪਲਜ਼ ਆਰਮੀ ਅਤੇ ਹੋਰ ਕਈ ਯੂਨੀਅਨ ਕਾਇਮ ਹੋ ਗਈਆਂ। 1935 ਵਿੱਚ ਪਾਰਟੀ ਲਿਬਰਲ ਹੋ ਕੇ ਸਰਮਾਏਦਾਰ ਜਮਾਤਾਂ ਨਾਲ ਮਿਲਕੇ ਕੰਮ ਕਰਨ ਲੱਗ ਗਈ। ਫਿਰ ਕਮਿਊਨਿਸਟਾਂ ਤੇ ਸ਼ੋਸ਼ਲਿਟਾਂ ਦਾ ਤਾਲ ਮੇਲ ਹੋ ਗਿਆ। 1937 ਦੀਆਂ ਚੋਣਾ ਕਿਰਤੀਆਂ ਤੇ ਕਮਿਊਨਿਸਟਾਂ ਨੇ ਕਾਂਗਰਸ ਵਿੱਚ ਰਹਿਕੇ ਦੇਸ਼ ਭਗਤ ਚੋਣ ਬੋਰਡ ਬਣਾਕੇ ਲੜੀਆਂ। ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣੀ। ਕਮਿਊਨਿਸਟ ਨਾਂ ਦਾ ਪੇਪਰ ਕੱਢਿਆ, ਕਾਂਗਰਸ ਵਿੱਚ ਸੁਭਾਸ਼ ਚੰਦਰ ਬੋਸ ਦਾ ਦਬਦਬਾ ਹੋ ਗਿਆ। ਦੂਜੀ ਸੰਸਾਰ ਜੰਗ ਦੇ ਵਿਰੋਧ ਵਜੋਂ ਹੜਤਾਲ ਵਿੱਚ 99000 ਮਜ਼ਦੂਰਾਂ ਨੇ ਭਾਗ ਲਿਆ। ਡਿਫ਼ੈਂਸ ਆਫ ਇੰਡੀਆ ਐਕਟ ਲਾਅ ਅਧੀਨ ਮਾਰਸ਼ਲ ਲਾਅ ਲਾਗੂ ਕਰਕੇ ਪਾਰਟੀ 'ਤੇ ਤਸ਼ੱਦਦ ਕੀਤਾ। ਖੱਬੇ ਪੱਖੀਆਂ ਦੇ ਜੇਲ੍ਹਾਂ ਵਿੱਚ ਹੋਣ ਕਰਕੇ ਫ਼ਿਰਕਾਪ੍ਰਸਤੀ ਵੱਧ ਗਈ। 1942 ਵਿੱਚ ਨੌਜਵਾਨਾਂ ਨੂੰ ਫ਼ੌਜ ਵਿੱਚ ਭਰਤੀ ਨਾ ਹੋਣ ਲਈ ਕਿਹਾ। ਕਿਰਤੀ ਕਿਸਾਨ ਪਾਰਟੀ ਨੇ ਆਪਣਾ ਸੰਘਰਸ਼ ਜ਼ਾਰੀ ਰੱਖਿਆ। ਕਾਂਗਰਸ ਨਾਲ ਰਲਕੇ ਕੰਮ ਕਰਦਿਆਂ ਵੀ ਕਿਰਤੀਆਂ 'ਤੇ ਸਖ਼ਤਾਈ ਰਹੀ। ਯੂਨੀਅਨਿਸਟ ਪਾਰਟੀ ਦੀ ਸਰਕਾਰ ਨੇ ਕਿਰਤੀਆਂ ਤੇ ਪ੍ਰਭਾਵ ਪਾ ਕੇ ਸਿਕੰਜਾ ਕਸਿਆ। ਫਿਰ ਕਿਰਤੀਆਂ ਨੇ ਮੇਰਠ ਮੁੱਖ ਦਫ਼ਤਰ ਬਣਾ ਲਿਆ। ਕਿਰਤੀ ਫ਼ਿਰਕਾਪ੍ਰਸਤੀ ਦੇ ਵਿਰੁੱਧ ਸਨ। ਯੁਗਪਲਟਾਊ ਦਲ ਦੀਆਂ ਸਰਗਰਮੀਆਂ ਤੋਂ ਸਰਕਾਰ ਦੁਖੀ ਸੀ, ਉਸਤੇ ਨਜ਼ਰ ਰੱਖ ਰਹੀ ਸੀ। ਛੇਵਾਂ ਅਧਿਆਇ ਵਿੱਚ ਕਿਰਤੀ ਕਮਿਊਨਿਸਟ ਏਕਤਾ ਦਾ ਦੌਰ ਵਿੱਚ ਦੋਹਾਂ ਪਾਰਟੀਆਂ ਵਿੱਚ ਬੜੀਆਂ ਮੀਟਿੰਗਾਂ ਤੇ ਜਦੋਜਹਿਦ ਤੋਂ ਬਾਅਦ ਏਕਤਾ ਹੋਈ। ਕਾਂਗਰਸ ਨੇ ਭਾਰਤ ਛੱਡੋ ਅੰਦੋਲਨ ਚਲਾਇਆ ਤੇ 1942 ਵਿੱਚ ਹੀ ਕਰੋ ਜਾਂ ਮਰੋ ਦੇ ਮਤੇ ਤੇ ਪੁਜ ਗਈ। ਕਮਿਊਨਿਸਟ ਪਾਰਟੀ ਨੇ ਬਰਤਾਨਵੀ ਸਰਕਾਰ ਨੂੰ ਕਾਂਗਰਸ ਨੂੰ ਕੁਚਲਣ ਤੋਂ ਵਰਜਿਆ। ਸੀ.ਪੀ.ਆਈ.ਤੇ ਕਾਂਗਰਸ ਵਿੱਚ ਖਟਾਸ, ਖੱਬਿਆਂ ਲਈ ਦਿਕਤਾਂ ਰਹੀਆਂ। ਬੰਗਾਲ ਵਿੱਚ ਅਕਾਲ ਪਿਆ, ਸੁਭਾਸ਼ ਚੰਦਰ ਬੋਸ ਤੇ ਖੱਬੇ ਪੱਖੀਆਂ ਵਿੱਚ ਸਾਂਝ ਰਹੀ, ਪ੍ਰੰਤੂ ਫਾਰਵਰਡ ਬਲਾਕ ਵੀ ਬਣ ਗਿਆ। ਗਾਂਧੀ ਦੀ ਨਰਮ ਪਾਲਿਸੀ ਕਰਕੇ ਉਹ ਵੱਖਰਾ ਹੋ ਗਿਆ। ਸੁਭਾਸ਼ ਚੰਦਰ ਬੋਸ ਨੂੰ ਕਮਿਊਨਿਸਟਾਂ ਨੇ ਰੂਸ ਪਹੁੰਚਾਉਣ ਵਿੱਚ ਮਦਦ ਕੀਤੀ, ਜਦੋਂ ਜਰਮਨੀ ਤੇ ਰੂਸ ਵਿੱਚ ਉਹ ਸਫਲ ਨਾ ਹੋਇਆ ਤਾਂ ਆਜ਼ਾਦ ਹਿੰਦ ਫ਼ੌਜ ਬਣਾ ਲਈ ਤੇ ਭਾਰਤ ਆ ਕੇ ਰੂਪੋਸ਼ ਹੋ ਗਿਆ। ਸੱਤਵੇਂ ਅਧਿਆਇ ਬਸਤੀਵਾਦ ਤੋਂ ਛੁਟਕਾਰੇ ਦੇ ਆਖ਼ਰੀ ਵਰ੍ਹੇ ਵਿੱਚ ਦੇਸ਼ ਦੇ ਪਰਜਾਤੰਤਰ ਦੀ ਰੂਪ ਰੇਖਾ ਬਾਰੇ ਖੱਬੇ ਪੱਖੀਆਂ, ਕਾਂਗਰਸ ਅਤੇ ਮੁਸਲਮ ਲੀਗ ਵੱਲੋਂ ਦੱਸੇ ਗਏ ਵਿਚਾਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਗਾਂਧੀ ਵੱਲੋਂ ਜਿਨਾਹ ਨੂੰ ਮਿਲਣਾ ਤੇ ਕਾਇਦੇਆਜਮ ਕਹਿਣ ਨਾਲ ਜਿਨਾਹ ਦਾ ਰੁੱਖ ਬਦਲ ਗਿਆ ਤੇ ਉਸਦੇ ਦੇ ਅੜੀਅਲ ਰਵੱਈਏ ਕਰਕੇ ਦੇਸ਼ ਦੀ ਵੰਡ ਹੋਣ ਬਾਰੇ ਦੱਸਿਆ ਗਿਆ ਹੈ। ਡਾ.ਸਰਬਜੀਤ ਕੰਗਣੀਵਾਲ ਦੀ ਇਹ ਪੁਸਤਕ ਲਾਜਵਾਬ ਦੇਣ ਹੈ।




ਸੰਪਰਕ ਸਰਬਜੀਤ ਕੰਗਣੀਵਾਲ: 9780036118